a2zpapers.com

711217 (ਮ)

Exam. Code : 103203
Subject Code : 1168

www.a2zpapers.com

## B.A./B.Sc. 3rd Semester
## MUDHLI PUNJABI

Time Allowed—3 Hours] [Maximum Marks—50

**ਨੋਟ:–** ਸਾਰੇ ਪ੍ਰਸ਼ਨ ਲਾਜ਼ਮੀ ਹਨ।

1. (ੳ) ਵਾਕੰਸ਼ ਦੀਆਂ ਮੁੱਖ ਕਿਸਮਾਂ ਉਦਾਹਰਣਾਂ ਸਹਿਤ ਸਪੱਸ਼ਟ ਕਰੋ। 5

(ਅ) ਵਾਕੰਸ਼ ਦੀ ਵਾਕ ਵਿੱਚ ਕੀ ਮਹੱਤਤਾ ਹੈ ? 5

(ੲ) ਉਪਵਾਕ ਦੀ ਪਰਿਭਾਸ਼ਾ ਉਦਾਹਰਣ ਸਹਿਤ ਲਿਖੋ। 5

(ਸ) ਇਕ ਬਿਆਨੀਆ, ਦੋ ਪ੍ਰਸ਼ਨ ਵਾਚਕ ਅਤੇ ਦੋ ਹੁਕਮੀ ਵਾਕ ਲਿਖੋ। 5

2. (ੳ) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ 'ਤੇ ਪੈਰ੍ਹਾ-ਰਚਨਾ ਕਰੋ :

(i) ਸੁੰਦਰਤਾ

(ii) ਸੰਪ੍ਰਦਾਇਕਤਾ

(iii) ਮੋਬਾਈਲ ਅਤੇ ਇੰਟਰਨੈਟ। 5

(ਅ) ਲਾਊਡ ਸਪੀਕਰਾਂ ਨੂੰ ਬੰਦ ਕਰਵਾਉਣ ਸਬੰਧੀ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ। 5



www.a2zpapers.com www.a2zpapers.com
ad free old Question papers gndu, ptu hp board, punjab

a2zpapers.com

www.a2zpapers.com

(ੲ) ਹੇਠ ਲਿਖੇ ਅਖਾਣਾਂ ਅਤੇ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਇਹਨਾਂ ਦੇ ਅਰਥ ਸਪੱਸ਼ਟ ਹੋ ਜਾਣ :

ਅੱਗ ਦੇ ਭਾਅ ਹੋਣਾ, ਉੱਖਲੀ ਵਿੱਚ ਸਿਰ ਦੇਣਾ, ਭੰਗ ਭੁੱਜਣੀ, ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ, ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ। 5×1=5

3. (ੳ) ਪੈਰ੍ਹਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਹਵਾ ਮੁੱਖ ਤੌਰ ਤੇ ਕੁਝ ਗੈਸਾਂ, ਨਮੀ ਤੇ ਕੁਝ ਅਕ੍ਰਿਆਸ਼ੀਲ ਪਦਾਰਥਾਂ ਦਾ ਮਿਸ਼ਰਣ ਹੁੰਦੀ ਹੈ। ਪ੍ਰਦੂਸ਼ਣ ਹਵਾ ਦੀ ਉਹ ਹਾਲਤ ਹੈ ਜਿਸ ਦੀ ਵਰਤੋਂ ਪ੍ਰਾਣੀ ਜਗਤ ਲਈ ਨੁਕਸਾਨ ਪਹੁੰਚਾਊ ਸਾਬਤ ਹੁੰਦੀ ਹੈ। ਹਵਾ ਦੇ ਕੁਦਰਤੀ ਗੁਣਾਂ ਵਿੱਚ ਅਸੰਤੁਲਨ ਦਾ ਪੈਦਾ ਹੋਣਾ ਹੀ ਹਵਾ ਪ੍ਰਦੂਸ਼ਣ ਕਹਾਉਂਦਾ ਹੈ। ਕਈ ਕਿਸਮ ਦੇ ਪ੍ਰਦੂਸ਼ਣ ਕਰਤਾ ਲਗਾਤਾਰ ਹਵਾ ਵਿੱਚ ਰਲਦੇ ਰਹਿੰਦੇ ਹਨ। ਜੋ ਮਨੁੱਖੀ ਜਗਤ ਅਤੇ ਪ੍ਰਾਣੀ ਜਗਤ ਉੱਤੇ ਗੰਭੀਰ ਅਤੇ ਭੈੜੇ ਪ੍ਰਭਾਵਾਂ ਦਾ ਕਾਰਨ ਬਣਦੇ ਹਨ। ਜੰਗਲਾਂ ਦੀ ਅੱਗ ਤੇ ਜਵਾਲਾ ਮੁਖੀਆਂ ਦੇ ਫਟਣ ਤੋਂ ਪੈਦਾ ਹੋਈ ਰਾਖ, ਧੂੰਆਂ ਤੇ ਠੋਸ ਪਦਾਰਥ ਹਵਾ ਪ੍ਰਦੂਸ਼ਣ ਦੇ ਕੁਦਰਤੀ ਸਰੋਤ ਹਨ। ਪਰੰਤੂ ਮਨੁੱਖੀ ਕਾਰਜਾਂ ਤੋਂ ਪੈਦਾ ਹੋਇਆ ਹਵਾ-ਪ੍ਰਦੂਸ਼ਣ ਬਹੁਤ ਜ਼ਿਆਦਾ ਗੰਭੀਰ ਹੁੰਦਾ ਹੈ। ਕਾਰਖਾਨਿਆਂ ਤੋਂ ਨਿਕਲਦਾ ਧੂਆਂ ਤੇ ਜ਼ਹਿਰੀਲੀਆਂ ਗੈਸਾਂ ਹਵਾਈ ਪ੍ਰਦੂਸ਼ਣ ਦਾ ਮੁੱਖ ਸੋਮਾ ਹਨ।

**ਪ੍ਰਸ਼ਨ :**

(i) ਹਵਾ ਕਿਹਨਾਂ ਚੀਜ਼ਾਂ ਦਾ ਮਿਸ਼ਰਣ ਹੈ ?

(ii) ਹਵਾ ਪ੍ਰਦੂਸ਼ਣ ਦੀ ਪਰਿਭਾਸ਼ਾ ਕੀ ਹੈ ?



www.a2zpapers.com www.a2zpapers.com
ad free old Question papers gndu, ptu hp board, punjab

a2zpapers.com

(iii) ਹਵਾ ਪ੍ਰਦੂਸ਼ਣ ਦੇ ਕੁਦਰਤੀ ਸਰੋਤ ਕਿਹੜੇ ਹਨ ?

(iv) ਮਨੁੱਖੀ ਕਾਰਜਾਂ ਤੋਂ ਹਵਾ ਪ੍ਰਦੂਸ਼ਣ ਕਿਵੇਂ ਪੈਦਾ ਹੁੰਦਾ ਹੈ ?

(v) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ। 5×1=5

(ਅ) ਹੇਠ ਲਿਖੇ ਪੈਰ੍ਹੇ ਦੀ ਇੱਕ ਤਿਹਾਈ ਸ਼ਬਦਾਂ ਵਿੱਚ ਸੰਖੇਪ-ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਦਿਓ :

ਲੋਕ ਸਾਹਿਤ ਮੁੱਖ ਤੌਰ 'ਤੇ ਮੌਖਿਕ ਰੂਪ ਵਿੱਚ ਪ੍ਰਚਲਤ ਹੁੰਦਾ ਹੈ। ਭਾਵੇਂ ਮੌਖਿਕਤਾ ਨੂੰ ਲੋਕ ਸਾਹਿਤ ਦਾ ਨਿਰੋਲ ਆਧਾਰ ਨਹੀਂ ਮੰਨਿਆ ਜਾ ਸਕਦਾ ਪਰ ਫਿਰ ਵੀ ਸਾਹਿਤ ਤੇ ਲੋਕ ਸਾਹਿਤ ਦਾ ਮੁੱਖ ਨਿਖੇੜਾ ਲਿਖਤ ਅਤੇ ਮੌਖਿਕ ਆਧਾਰ ਉੱਤੇ ਹੀ ਕੀਤਾ ਜਾਂਦਾ ਹੈ। ਯੁੱਗ ਬੀਤ ਜਾਂਦੇ ਹਨ, ਲੋਕ ਸਾਹਿਤ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਦੀ ਯਾਤਰਾ ਮੌਖਿਕ ਰੂਪ ਵਿੱਚ ਹੀ ਤੈਅ ਕਰਦਾ ਹੈ। ਲਿਖਣ ਦਾ ਕੰਮ ਲਿਪੀ ਦੀ ਹੋਂਦ ਜਾਂ ਰਚਨਾ ਤੋਂ ਸ਼ੁਰੂ ਹੁੰਦਾ ਹੈ। ਸੋ ਗੁਰਮੁਖੀ ਜਾਂ ਕਿਸੇ ਹੋਰ ਲਿਪੀ ਦੇ ਨਿਰਮਾਣ ਤੋਂ ਮਗਰੋਂ ਹੀ ਇਸ ਨੇ ਲਿਖਿਤ ਰੂਪ ਧਾਰਿਆ ਹੋਵੇਗਾ। ਏਸੇ ਲਈ ਅੱਜ ਇਹ ਮੌਖਿਕ ਪਰੰਪਰਾ ਦੇ ਨਾਲ-ਨਾਲ ਲਿਖਿਤ ਰੂਪ ਵਿੱਚ ਵੀ ਪ੍ਰਾਪਤ ਹੈ। 10

www.a2zpapers.com



www.a2zpapers.com www.a2zpapers.com
ad free old Question papers gndu, ptu hp board, punjab